Ontario

ਤੱਥ ਪਰਚੀ

ਵਿੱਤ ਮੰਤਰਾਲਾ (Ministry of Finance)

# ਓਨਟੈਰੀਓ ਵਿੱਚ ਵਾਹਨ ਬੀਮਾ

23 ਅਗਸਤ 2013

## ਓਨਟੈਰੀਓ ਵਿੱਚ ਵਾਹਨ ਬੀਮਾ ਦੇ ਰੇਟ ਕਿਵੇਂ ਸੈਟ ਕੀਤੇ ਜਾਂਦੇ ਹਨ

ਵਾਹਨ ਬੀਮਾ ਦੇ ਰੇਟ ਵੱਖ-ਵੱਖ ਬੀਮਾ ਕਰਨ ਵਾਲਿਆਂ ਤੇ ਦੁਆਰਾ ਕਈ ਕਾਰਕਾਂ ਦੀ ਵਰਤੋਂ ਕਰਦੇ ਹੋਏ ਨਿਰਧਾਰਤ ਕੀਤੇ ਜਾਂਦੇ ਹਨ ਜਿਨ੍ਹਾਂ ਵਿੱਚ ਸ਼ਾਮਲ ਹਨ ਡ੍ਰਾਈਵਿੰਗ ਦਾ ਤਜਰਬਾ, ਡ੍ਰਾਈਵਿੰਗ ਦਾ ਰਿਕਾਰਡ, ਵਾਹਨ ਦੀ ਵਰਤੋਂ ਅਤੇ ਸਥਿਤੀ, ਚਲਾਏ ਜਾਂਦੇ ਵਾਹਨ ਦੀ ਕਿਸਮ, ਅਤੇ ਕਵਰੇਜ ਦੀ ਮਾਤਰਾ ਅਤੇ ਚੁਣੇ ਗਏ ਕਟੌਤੀਯੋਗ।

ਕਾਨੂੰਨ ਮੰਗ ਕਰਦਾ ਹੈ ਕਿ ਵਿੱਤੀ ਸੇਵਾਵਾਂ ਦੇ ਸੁਪਰਡੈਂਟ (Superintendent of Financial Services) ਕੰਪਨੀ ਦੁਆਰਾ ਪ੍ਰਸਤਾਵਿਤ ਰੇਟਾਂ ਦੀ ਸਮੀਖਿਆ ਕਰ ਕੇ ਇਹ ਦੇਖੇ ਕਿ ਇਹ ਜਾਇਜ਼ ਅਤੇ ਉਚਿਤ ਹਨ, ਬਹੁਤ ਜ਼ਿਆਦਾ ਨਹੀਂ ਹਨ, ਅਤੇ ਕੰਪਨੀ ਦੀ ਵਿੱਤੀ ਤੌਰ ਤੇ ਕਰਜ਼ਾ ਲਾਹੁਣ ਦੀ ਯੋਗਤਾ ਨੂੰ ਕਮਜ਼ੋਰ ਨਹੀਂ ਕਰਦੇ ਹਨ।

ਓਨਟੈਰੀਓ ਦੇ ਵਿੱਤੀ ਸੇਵਾਵਾਂ ਦੇ ਕਮਿਸ਼ਨ (Financial Services Commission of Ontario - FSCO) ਓਨਟੈਰੀਓ ਦੇ ਡ੍ਰਾਈਵਰਾਂ ਦੀ ਰੱਖਿਆ ਕਰਨ ਲਈ ਵਾਹਨ ਬੀਮੇ ਨੂੰ ਨਿਯੰਤ੍ਰਿਤ ਕਰਦਾ ਹੈ ਅਤੇ ਨਾਲ ਹੀ ਵਾਹਨ ਬੀਮਾ ਉਦਯੋਗ ਵਿੱਚ ਮੁਕਾਬਲੇ ਨੂੰ ਉਤਸ਼ਾਹਿਤ ਕਰਦਾ ਹੈ। ਸਾਰੇ ਵਾਹਨ ਬੀਮਾ ਕਰਨ ਵਾਲਿਆਂ ਨੂੰ ਆਪਣੇ ਰੇਟਾਂ ਵਿੱਚ ਪ੍ਰਸਤਾਵਿਤ ਤਬਦੀਲੀਆਂ ਪ੍ਰਵਾਨਗੀ ਵਾਸਤੇ ਲਾਜ਼ਮੀ ਤੌਰ ਤੇ FSCO ਕੋਲ ਜਮ੍ਹਾਂ ਕਰਨੀਆਂ ਹੁੰਦੀਆਂ ਹਨ।

ਇਹ ਪੁਸ਼ਟੀ ਕਰਨ ਲਈ ਕਿ ਪ੍ਰਸਤਾਵਿਤ ਰੇਟ ਕਾਨੂੰਨ ਅਤੇ ਉੱਪਰ ਦਿੱਤੀਆਂ ਸ਼ਰਤਾਂ ਦੀ ਪਾਲਣਾ ਕਰਦੇ ਹਨ, FSCO ਬੀਮਾ ਸਬੰਧੀ ਸਬੂਤਾਂ ਤੇ ਧਿਆਨ ਦਿੰਦੇ ਹੋਏ ਜਮ੍ਹਾਂ ਕੀਤੇ ਗਏ ਰੇਟਾਂ ਦਾ ਵਿਸ਼ਲੇਸ਼ਣ ਕਰਦਾ ਹੈ।

ਇੱਕ ਵਾਰ FSCO ਦੁਆਰਾ ਬੀਮਾਕਰਤਾ ਦੇ ਪ੍ਰਸਤਾਵਿਤ ਰੇਟ ਵਿੱਚ ਤਬਦੀਲੀ ਨੂੰ ਪ੍ਰਵਾਨਗੀ ਦੇਣ ਦੇ ਬਾਅਦ, ਆਪਣੀਆਂ ਪਾਲਿਸੀਆਂ ਨੂੰ ਨਵਿਆਏ ਜਾਣ ਤੇ ਡ੍ਰਾਈਵਰ ਇਹ ਰੇਟ ਦੇਖਣਗੇ। ਜ਼ਿਆਦਾਤਰ ਪਾਲਿਸੀਆਂ ਸਲਾਨਾ ਅਧਾਰ ਤੇ ਨਵਿਆਈਆਂ ਜਾਂਦੀਆਂ ਹਨ।

## ਓਨਟੈਰੀਓ ਦੇ ਵਿੱਤੀ ਸੇਵਾਵਾਂ ਦੇ ਕਮਿਸ਼ਨ (FSCO) ਬਾਰੇ ਪੰਜ ਮੁੱਖ ਤੱਥ

### 1. FSCO ਯਕੀਨੀ ਬਣਾਉਂਦਾ ਹੈ ਕਿ ਬੀਮਾ ਕੰਪਨੀਆਂ ਕਾਨੂੰਨ ਦੀ ਪਾਲਣਾ ਕਰਦੀਆਂ ਹਨ

ਜਦੋਂ ਗੱਲ ਵਾਹਨ ਬੀਮਾ ਦੀ ਆਉਂਦੀ ਹੈ ਤਾਂ ਓਨਟੈਰੀਓ ਵਿੱਚ ਡ੍ਰਾਈਵਰਾਂ ਦੀਆਂ ਜ਼ਿੰਮੇਵਾਰੀਆਂ ਅਤੇ ਹੱਕ ਹਨ। ਇਸ ਵਿੱਚ ਲਾਜ਼ਮੀ ਕਵਰੇਜ ਖਰੀਦਣ ਦੀ ਜ਼ਿੰਮੇਵਾਰੀ ਅਤੇ ਬੀਮਾਕਰਤਾ ਦੇ ਦੁਆਰਾ ਨਿਰਪੱਖ ਤਰੀਕੇ ਨਾਲ ਵਿਹਾਰ ਕੀਤੇ ਜਾਣ, ਕਲੇਮ ਤੇ ਸਮੇਬੱਧ ਤਰੀਕੇ ਨਾਲ ਕਾਰਵਾਈ ਕੀਤੇ ਜਾਣ, ਅਤੇ ਜੇ ਲੋੜ ਹੋਵੇ ਤਾਂ ਸ਼ਿਕਾਇਤ ਦਾਇਰ ਕਰਨ ਦੇ ਹੱਕ ਸ਼ਾਮਲ ਹਨ। FSCO ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦਾ ਹੈ ਕਿ ਇਹਨਾਂ ਹੱਕਾਂ ਨੂੰ ਬਰਕਰਾਰ ਰੱਖਿਆ ਜਾਵੇ।

### 2. FSCO ਉਪਭੋਗਤਾ ਦੀ ਧੋਖਾ-ਧੜੀ ਦਾ ਸ਼ਿਕਾਰ ਬਣਨ ਤੋਂ ਰੱਖਿਆ ਕਰਨ ਵਿੱਚ ਮਦਦ ਕਰਦਾ ਹੈ

ਕਈ ਤਰੀਕੇ ਹਨ ਜਿਨ੍ਹਾਂ ਨਾਲ ਇਮਾਨਦਾਰ ਉਪਭੋਗਤਾ ਧੋਖਾ-ਧੜੀ ਵਾਲੀਆਂ ਸਕੀਮਾਂ ਵਿੱਚ ਫੱਸ ਸਕਦੇ ਹਨ। ਉਦਾਹਰਨ ਲਈ, ਬੇਈਮਾਨ ਡਾਕਟਰੀ ਕਲੀਨਿਕ ਮਰੀਜ਼ ਦੀ ਜਾਣਕਾਰੀ ਨੂੰ ਨਕਲੀ ਕਲੇਮ ਦਾਇਰ ਕਰਨ ਲਈ ਵਰਤ ਸਕਦੇ ਹਨ ਜਾਂ ਟੋਅ ਟਰੱਕ ਡ੍ਰਾਈਵਰ ਮੁਰੰਮਤ ਦੁਕਾਨਾਂ ਦੇ ਨਾਲ ਮਿਲ ਕੇ ਝੂਠੇ ਬਿਲ ਬਣਾ ਸਕਦੇ ਹਨ। FSCO ਦੀ ਵੈਬਸਾਈਟ ਤੇ ਇਸ ਕਿਸਮ ਦੇ ਦੁਰਵਿਹਾਰ ਤੋਂ ਬਚਣ ਵਿੱਚ ਲੋਕਾਂ ਦੀ ਮਦਦ ਕਰਨ ਲਈ ਸੁਝਾਅ ਅਤੇ ਵਿਦਿਅਕ ਸਮੱਗਰੀਆਂ ਸ਼ਾਮਲ ਹਨ।

FSCO ਟੋਅ ਟਰੱਕ ਆਪਰੇਟਰਾਂ, ਵਾਹਨਾਂ ਦੀ ਮੁਰੰਮਤ ਕਰਨ ਵਾਲੀਆਂ ਸੇਵਾਵਾਂ, ਆਟੋਮੋਬਾਈਲ ਸਟੋਰੇਜ ਸੇਵਾਵਾਂ, ਕਾਨੂੰਨੀ ਸਲਾਹਕਾਰਾਂ ਜਦੋਂ ਉਹ ਕਾਨੂੰਨੀ ਸਲਾਹ ਨਹੀਂ ਦਿੰਦੇ ਹਨ ਅਤੇ ਡਾਕਟਰੀ ਕਲੀਨਿਕਾਂ ਜਦੋਂ ਉਹ ਵਾਹਨ ਬੀਮਾ ਕਲੇਮ ਕਰਨ ਵਾਲਿਆਂ ਲਈ ਜਾਂ ਉਹਨਾਂ ਤੋਂ ਹਵਾਲਾ ਫੀਸ ਲੈਂਦੇ ਜਾਂ ਮੰਗਦੇ ਹਨ, ਦੇ ਵਿਰੁੱਧ ਕਾਰਵਾਈ ਕਰ ਸਕਦਾ ਹੈ।

ਨਾਲ ਹੀ, FSCO ਦੇ ਕੋਲ ਸਮਰਪਿਤ ਹੋਟਲਾਈਨ ਹੈ ਜਿਸ ਨੂੰ ਉਪਭੋਗਤਾ ਵਾਹਨ ਬੀਮਾ ਧੋਖਾ-ਧੜੀ ਦੇ ਸ਼ੱਕੀ ਮਾਮਲਿਆਂ ਦੀ ਰਿਪੋਰਟ ਕਰਨ ਲਈ ਵਰਤ ਸਕਦੇ ਹਨ। ਹੁਣ ਲੋਕਾਂ ਕੋਲ ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ ਵਾਹਨ ਬੀਮਾ ਦੀ ਸ਼ੱਕੀ ਧੋਖਾ-ਧੜੀ ਬਾਰੇ ਸੂਹਾਂ ਦੀ ਰਿਪੋਰਟ ਕਰਨ ਵਾਸਤੇ ਸਿੱਧਾ ਤਰੀਕਾ ਹੈ। ਸਰਲ ਅਤੇ ਤੇਜ਼, ਇਹ ਹੋਟਲਾਈਨ FSCO ਦੀ ਵੈਬਸਾਈਟ www.fsco.gov.on.ca/TipNow ਦੇ ਰਾਹੀਂ, ਅਤੇ ਨਾਲ ਹੀ ਟੈਲੀਫ਼ੋਨ ਰਾਹੀਂ 1-855-5TIP-NOW ਤੇ ਉਪਲਬਧ ਹੈ।

### 3. FSCO ਡ੍ਰਾਈਵਰਾਂ ਲਈ ਸੁਝਾਅ ਮੁਹੱਈਆ ਕਰਦਾ ਹੈ ਕਿ ਵਾਹਨ ਬੀਮਾ ਦੇ ਸਭ ਤੋਂ ਵਧੀਆ ਰੇਟ ਕਿਵੇਂ ਪ੍ਰਾਪਤ ਕਰਨੇ ਹਨ

FSCO ਉਪਭੋਗਤਾਵਾਂ ਨੂੰ ਵਾਹਨ ਬੀਮਾ ਤੇ ਪੈਸੇ ਬਚਾਉਣ ਦੇ ਤਰੀਕਿਆਂ ਬਾਰੇ ਸਿੱਖਿਆ ਦੇਣ ਵਿੱਚ ਮਦਦ ਕਰਦਾ ਹੈ। ਆਪਣੀ ਵੈਬਸਾਈਟ, ਸੋਸ਼ਲ ਮੀਡੀਆ ਦੁਆਰਾ ਲੋਕਾਂ ਤਕ ਪਹੁੰਚ ਅਤੇ ਉਪਭੋਗਤਾ ਜਾਗਰੁਕਤਾ ਮੁਹਿੰਮਾਂ ਦੇ ਰਾਹੀਂ, FSCO ਸਭ ਤੋਂ ਵਧੀਆ ਵਾਹਨ ਬੀਮਾ ਰੇਟ ਲੱਭਣ ਲਈ ਸੁਝਾਅ ਦਿੰਦਾ ਹੈ।

ਇਹਨਾਂ ਵਿੱਚ ਹੇਠਾਂ ਦਿੱਤਿਆਂ ਵਰਗੇ ਸੁਝਾਅ ਸ਼ਾਮਲ ਹਨ:

- ਚੰਗੀ ਡ੍ਰਾਈਵਿੰਗ ਦਾ ਇਤਿਹਾਸ ਸਥਾਪਿਤ ਕਰੋ – ਇਸਦਾ ਮਤਲਬ ਹੈ ਧਿਆਨ ਨਾਲ ਡ੍ਰਾਈਵ ਕਰਨਾ ਅਤੇ ਸੜਕ ਦੇ ਨਿਯਮਾਂ ਦੀ ਪਾਲਣਾ ਕਰਨੀ।
- ਕਵਰੇਜ ਨੂੰ ਧਿਆਨ ਨਾਲ ਚੁਣੋ – ਉਦਾਹਰਨ ਲਈ, ਹੋ ਸਕਦਾ ਹੈ ਕਿ ਘੱਟ ਰਿਟੇਲ ਮੁੱਲ ਵਾਲੇ ਵਾਹਨ ਤੇ ਟੱਕਰ ਅਤੇ/ਜਾਂ ਵਿਆਪਕ ਕਵਰੇਜ ਲੈਣਾ ਕੀਮਤ-ਕੁਸ਼ਲ ਨਾ ਹੋਵੇ।
- ਪ੍ਰੀਮਿਅਮਾਂ ਦਾ ਸਮੇਂ ਤੇ ਭੁਗਤਾਨ ਕਰੋ – ਭੁਗਤਾਨ ਕਰਨ ਵਿੱਚ ਅਸਫਲ ਰਹਿਣ ਦੇ ਨਤੀਜੇ ਵੱਜੋਂ ਡ੍ਰਾਈਵਰ ਦੀ ਪਾਲਿਸੀ ਨੂੰ ਰੱਦ ਕੀਤਾ ਜਾ ਸਕਦਾ ਹੈ। ਜੇ ਇਹ ਦੋ ਵਾਰ ਤੋਂ ਵੱਧ ਹੁੰਦਾ ਹੈ, ਤਾਂ ਦੁਬਾਰਾ ਬੀਮਾ ਖਰੀਦਣਾ ਵਧੇਰੇ ਮਹਿੰਗਾ ਹੋ ਸਕਦਾ ਹੈ।
- ਘਰ ਦੇ ਬੀਮੇ ਨੂੰ ਵਾਹਨ ਦੇ ਬੀਮੇ ਨਾਲ ਮਿਲਾਓ।
- ਜਦੋਂ ਲੋੜ ਹੋਵੇ, ਸਰਦੀਆਂ ਦੇ ਟਾਇਰਾਂ ਦੀ ਵਰਤੋਂ ਕਰੋ – ਕੁਝ ਬੀਮਾ ਕੰਪਨੀਆਂ ਛੂਟ ਪੇਸ਼ ਕਰਦੀਆਂ ਹਨ।
- ਸਾਰੇ ਵਾਹਨਾਂ ਦਾ ਬੀਮਾ ਇੱਕੋ ਕੰਪਨੀ ਕੋਲ ਕਰਾਓ।
- ਮਾਣਤਾ ਪ੍ਰਾਪਤ ਡ੍ਰਾਈਵਰ ਸਿਖਲਾਈ ਪ੍ਰੋਗਰਾਮ ਪੂਰਾ ਕਰੋ।

### 4. FSCO ਡ੍ਰਾਈਵਰਾਂ ਦੇ ਆਪਣੇ ਬੀਮਾ ਕਰਨ ਵਾਲਿਆਂ ਨਾਲ ਵਿਵਾਦ ਨੂੰ ਹੱਲ ਕਰਨ ਵਿੱਚ ਡ੍ਰਾਈਵਰਾਂ ਦੀ ਮਦਦ ਕਰਦਾ ਹੈ

ਜੇ ਕਾਰ ਦੁਰਘਟਨਾਵਾਂ ਵਿੱਚ ਲੋਕ ਜਖਮੀ ਹੋ ਜਾਂਦੇ ਹਨ ਅਤੇ ਉਹਨਾਂ ਦੇ ਬੀਮਾ ਕਰਨ ਵਾਲੇ ਦੁਰਘਟਨਾ ਦੇ ਬੈਨਿਫ਼ਿਟਾਂ ਤੇ ਸਹਿਮਤ ਨਹੀਂ ਹੁੰਦੇ ਹਨ, ਤਾਂ FSCO ਵਿਚੋਲਗੀ ਅਤੇ ਫੈਸਲਾ ਕਰਨ ਦੀਆਂ ਸੇਵਾਵਾਂ ਰਾਹੀਂ ਸਮਾਂਬੱਧ ਤਰੀਕੇ ਨਾਲ ਇਹਨਾਂ ਵਿਵਾਦਾਂ ਨੂੰ ਅਦਾਲਤ ਦੇ ਬਾਹਰ ਹੱਲ ਕਰਨ ਵਿੱਚ ਮਦਦ ਕਰਦਾ ਹੈ, ਜਿਵੇਂ ਕਿ ਬੀਮਾ ਕਾਨੂੰਨ ਵਿੱਚ ਦਿੱਤਾ ਗਿਆ ਹੈ।

### 5. FSCO ਰੇਟਾਂ ਨੂੰ ਜਾਇਜ਼ ਰੱਖਦਾ ਹੈ

ਬਜ਼ਾਰ ਵਿੱਚ ਵਰਤੇ ਜਾਣ ਤੋਂ ਪਹਿਲਾਂ ਸਾਰੀਆਂ ਬੀਮਾ ਕੰਪਨੀਆਂ ਦੇ ਰੇਟਾਂ ਨੂੰ FSCO ਦੁਆਰਾ ਪ੍ਰਵਾਨਗੀ ਦਿੱਤੀ ਜਾਂਦੀ ਹੈ। ਰੇਟ ਲਾਜ਼ਮੀ ਤੌਰ ਤੇ ਵਾਜਬ ਅਤੇ ਉਚਿਤ ਹੋਣੇ ਚਾਹੀਦੇ ਹਨ ਅਤੇ ਜੋਖਮ ਦੇ ਅਨੁਸਾਰ ਢੁਕਵੇਂ ਹੋਣੇ ਚਾਹੀਦੇ ਹਨ।

---


**ਸਿਰਫ ਮੀਡੀਆ ਪੁੱਛਗਿੱਛ ਲਈ:**
Andrew Chornenky, ਮੰਤਰੀ ਦਾ ਆਫ਼ਿਸ (Minister's Office), 416-325-8679
Marc Pichette, ਵਿੱਤ ਮੰਤਰਾਲਾ (Ministry of Finance), 416-314-1587
**ਜਨਤਕ ਪੁੱਛਗਿੱਛ ਲਈ,** 1-800-337-7222 **ਤੇ ਕਾਲ ਕਰੋ।**
(ਸਿਰਫ ਓਨਟੈਰੀਓ ਵਿੱਚ ਟੋਲ-ਫ੍ਰੀ)


**ontario.ca/finance-news**
*Disponible en français*